## ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

### ਪਿੰਡ ਕੇਰਾ ਖੇੜ੍ਹਾ ਦੇ ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ ਪ੍ਰਤੀ ਕੀਤਾ ਜਾਗਰੂਕ

### ਘਾਤਕ ਸਿੱਧ ਹੋ ਰਹੀਆਂ ਗੇਮਾਂ ਤੋਂ ਬਚਣ ਲਈ ਕੀਤਾ ਸੁਚੇਤ

### ਸਮਾਜ ਦਾ ਮਹੱਤਵਪੂਰਨ ਅੰਗ ਹਨ ਲੜਕੀਆਂ

**ਫਾਜ਼ਿਲਕਾ 8 ਸਤੰਬਰ**

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਜ਼ਿਲ੍ਹਾਂ ਬਾਲ ਸੁਰੱਖਿਆ ਦਫਤਰ ਵੱਲੋ ਮਾਇਆ ਦੇਵੀ ਸੀ.ਸੈ ਸਕੂਲ, ਕੇਰਾ ਖੇੜ੍ਹਾ ਵਿੱਖੇ ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਦੇ ਕਾਊਂਸਲਰ ਭੁਪਿੰਦਰਦੀਪ ਸਿੰਘ ਦੁਆਰਾ ਬੱਚਿਆਂ ਨੂੰ ਵਿਸਥਾਰ ਨਾਲ ਸਬੰਧਿਤ ਸਪਾਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ, ਅਡਾਪਸ਼ਨ, ਬਾਲ ਮਜ਼ਦੂਰੀ, ਬਾਲ ਵਿਆਹ, ਪੋਕਸੋ ਐਕਟ, ਬਾਲ ਘਰ ਆਦਿ  ਬਾਰੇ ਦੱਸਿਆ ਗਿਆ।

ਜ਼ਿਲ੍ਹਾ ਬਾਲ ਸੁਰੱਖਿਆ ਕਾਊਂਸਲਰ ਨੇ ਲੜਕੀਆਂ ਨੂੰ ਦੱਸਿਆ ਕਿ ਜੇਕਰ ਉਹਨਾਂ ਨਾਲ ਜਾਂ ਉਨ੍ਹਾਂ ਦੇ ਪਰਿਵਾਰ ਵਿਚ ਜਾਂ ਉਨ੍ਹਾਂ ਦੇ ਆਲੇ-ਦੁਆਲੇ ਕਿਸੇ ਲੜਕੀ ਨਾਲ ਸ਼ਰੀਰਕ, ਮਾਨਸਿਕ ਜਾਂ ਸੈਕਸੂਅਲ ਸ਼ੋਸ਼ਣ ਹੁੰਦਾ ਹੈ ਤਾਂ ਉਹ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਦੇ ਫੋਨ ਨੰਬਰ 01638-261098 ’ਤੇ ਸਪਰੰਕ ਕਰ ਸਕਦੇ ਹਨ ਜਾਂ ਚਾਈਲਡ ਹੈਲਪ ਲਾਈਨ ਨੰਬਰ 1098 ਤੇ ਕਾਲ ਕਰਕੇ ਵੀ ਇਸ ਸਬੰਧੀ ਜਾਣਕਾਰੀ ਦੇ ਸਕਦੇ ਹਨ।

ਬਾਲ ਸੁਰੱਖਿਆ ਅਫ਼ਸਰ ਸ਼੍ਰੀ ਕੋਸ਼ਲ ਪਰੂਥੀ ਵੱਲੋਂ ਲੜਕੀਆਂ ਨੂੰ ਦੱਸਿਆ ਗਿਆ ਕਿ ਉਹ ਵੀ ਸਮਾਜ ਦਾ ਇੱਕ ਮਹੱਤਵਪੂਰਨ ਅੰਗ ਹਨ ਅਤੇ ਉਨ੍ਹਾਂ ਕੋਲ ਵੀ ਲੜਕਿਆਂ ਦੇ ਬਰਾਬਰ ਅਧਿਕਾਰ ਹਨ ਅਤੇ ਆਪਣੇ ਅਧਿਕਾਰਾਂ ਦੀ ਸਹੀ ਵਰਤੋ ਕਰਕੇ ਉਹ ਆਪਣੇ ਸੁਪਨਿਆ ਨੂੰ ਪੂਰਾ ਕਰ ਸਕਦੀਆਂ ਹਨ।  ਉਹਨਾਂ ਵੱਲੋਂ ਮੋਬਾਇਲਾਂ ’ਤੇ ਚੱਲ ਰਹੀਆਂ ਹਾਨੀਕਾਰਕ ਗੇਮਾਂ ਜੋ ਕਿ ਬੱਚਿਆਂ ਲਈ ਕਾਫੀ ਖਤਰਨਾਕ ਸਾਬਿਤ ਹੋ ਰਹੀ ਹੈ ਉਸ ਤੋਂ ਦੂਰ ਰਹਿਣ ਲਈ ਵੀ ਸੁਚੇਤ ਕੀਤਾ ਅਤੇ ਆਪਣਾ ਧਿਆਨ ਪੜ੍ਹਾਈ ਤੇ ਆਪਣੇ ਪਰਿਵਾਰ ਵਿੱਚ ਲਗਾਉਣ ਲਈ ਕਿਹਾ। ਸਕੂਲ ਦੇ ਮੁੱਖ ਅਧਿਆਪਕ ਰਾਜ ਕੁਮਾਰ ਵੱਲੋਂ ਮੁੱਖ ਮਹਿਮਾਨ ਬਾਲ ਸੁਰੱਖਿਆ ਅਫ਼ਸਰ ਸ਼੍ਰੀ ਕੋਸ਼ਲ ਪਰੂਥੀ, ਕਾਊਂਸਲਰ ਸ਼੍ਰੀ ਭੁਪਿੰਦਰਦੀਪ ਸਿੰਘ ਅਤੇ ਸ਼੍ਰੀ ਸੌਰਭ ਖੁਰਾਣਾ ਨੂੰ ਸਨਮਾਨਿਤ ਕੀਤਾ।